ਡੇ-ਨਾਈਟ ਨਿਊਜ਼ ਪੰਜਾਬ

ਗੁਰਪ੍ਰੀਤ ਸਿੰਘ ਕੱਦ ਗਿੱਲ



**ਤਰਨਤਰਨ :** ਬਾਬਾ ਉੱਤਮ ਸਿੰਘ ਜੀ ਵੱਲੋਂ ਸਥਾਪਿਤ ਅਤੇ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਦੇ ਐੱਨ.ਐੱਸ.ਐੱਸ ਵਿਭਾਗ ਵੱਲੋਂ "ਵਿਸ਼ਵ ਯੋਗਾ ਦਿਵਸ" ਮਨਾਇਆ ਗਿਆ। ਜਿਸ ਵਿੱਚ ਕਾਲਜ ਬਹੁਤ ਸਾਰੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਜਿਸ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਸਮਾਜ ਵਿੱਚ ਦਿਨ-ਬ-ਦਿਨ ਫੈਲ ਰਹੀਆਂ ਗਲਤ ਅਲਾਮਤਾਂਵਾਂ ਤੋਂ ਬਾਹਰ ਕੱਢਦੇ ਹੋਏ ਉਨ੍ਹਾਂ ਨੂੰ ਕਿਸੇ ਧਿਆਨ ਸਾਧਨਾਂ ਨਾਲ ਜੋੜਨ ਲਈ ਪ੍ਰੇਰਿਤ ਕਰਨਾ ਸੀ। ਇਸ ਸਮੁੱਚੇ ਪ੍ਰਬੰਧ ਨੂੰ ਵਿਧੀਵਤ ਢੰਗ ਨਾਲ ਨੇਪੜੇ ਚਾੜ੍ਹਨ ਵਿੱਚ ਪ੍ਰੋ.ਮਨਪ੍ਰੀਤ ਕੌਰ (ਕੋਆਰਡੀਨੇਟਰ ਐੱਨ.ਐੱਸ.ਐੱਸ ਵਿਭਾਗ), ਪ੍ਰੋ.ਹਰਦੇਵ ਸਿੰਘ, ਪ੍ਰੋ.ਹਰਦੀਪ ਸਿੰਘ, ਪ੍ਰੋ.ਲਵਪ੍ਰੀਤ ਸਿੰਘ, ਪ੍ਰੋ.ਵੀਰੋ ਕੌਰ, ਡਾ.ਜਤਿੰਦਰ ਕੌਰ, ਡਾ.ਸੁਖਬੀਰ ਕੌਰ ਆਦਿ ਦਾ ਯੋਗਦਾਨ ਸ਼ਲਾਘਾਯੋਗ ਰਿਹਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਬਲਵੰਤ ਸਿੰਘ ਸੰਧੂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਯੋਗਾ ਕੇਵਲ ਸਰੀਰਕ ਲੋੜ ਜਾਂ ਤੰਦਰੁਸਤੀ ਲਈ ਹੀ ਜਰੂਰੀ ਨਹੀਂ ਬਲਕਿ ਇਹ ਅਧਿਆਤਮ ਦਾ ਰੂਪ ਹੁੰਦਾ ਹੋਇਆ ਧਿਆਨ ਸਾਧਨਾ,ਇਕਾਗਰਤਾ ਅਤੇ ਅਨੰਦ ਦੀ ਅਵਸਥਾ ਵੀ ਹੈ।

ਇਸ ਲਈ ਸਾਨੂੰ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਕੁੱਝ ਸਮਾਂ ਕੱਢ ਕੇ ਇਸ ਯੋਗਾ ਵਾਲੀ ਪ੍ਰਕਿਰਿਆ ਵੱਲ ਲਗਾਉਂਣਾ ਚਾਹੀਦਾ ਹੈ। ਭਾਰਤੀ ਦਰਸ਼ਨ ਵਿੱਚ ਮਿਲਦੇ ਛੇ ਸ਼ਾਸਤਰਾਂ ਵਿੱਚੋਂ ਪਤੰਜਲੀ ਦਾ ਯੋਗ ਸ਼ਾਸਤਰ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਇਸ ਤੋਂ ਇਲਾਵਾ ਉਨ੍ਹਾਂ ਐੱਨ.ਐੱਸ.ਐੱਸ ਵਿਭਾਗ ਨਾਲ ਜੁੜੇ ਸਮੂਹ ਪ੍ਰੋਫੈਸਰ ਸਾਹਿਬਾਨ ਦਾ ਇਸ ਪ੍ਰੋਗਰਾਮ ਨੂੰ ਇੱਕ ਸੁਚੱਜੇ ਢੰਗ ਨਾਲ ਚਲਾਉਣ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਜੁੜੇ ਰਹਿਣ ਲਈ ਪ੍ਰੇਰਣਾਦਾਇਕ ਵਿਚਾਰ ਪ੍ਰਸਤੁਤ ਕੀਤੇ।


GPS Map Camera
Tarn Taran, Punjab, India
C4J5+V95, Rayya - Khadoor Sahib Rd, Punjab 143117, India
Lat 31.431956°
Long 75.108596°
21/06/24 11:43 AM GMT +05:30
Google


GPS Map Camera
Tarn Taran, Punjab, India
C4J5+V95, Rayya - Khadoor Sahib Rd, Punjab 143117, India
Lat 31.431956°
Long 75.108596°
21/06/24 11:51 AM GMT +05:30
Google


GPS Map Camera
Tarn Taran, Punjab, India
C4J5+V95, Rayya - Khadoor Sahib Rd, Punjab 143117, India
Lat 31.431956°
Long 75.108596°
21/06/24 11:59 AM GMT +05:30
Google

ੴ ਸਤਿਗੁਰ ਪ੍ਰਸਾਦਿ॥
(Regd. No. 129 Dated 9 March 1970)
Ph. : 01859-237226
Fax : 01859 237326
e-mail : principalsgad@yahoo.co.in
ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ, ਜਿਲ੍ਹਾ ਤਰਨ ਤਾਰਨ
Sri Guru Angad Dev College , Khadur Sahib (Distt. Tarn Taran)

No. 13/Notice Dated 19/06/2024

## ਨੋਟਿਸ

ਸਮੂਹ ਪ੍ਰੋਫੈਸਰ ਸਾਹਿਬਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਐਨ.ਐਸ.ਐਸ ਵਿਭਾਗ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵੱਲੋਂ ਵਿਸ਼ਵ ਯੋਗਾ ਦਿਵਸ ਮਿਤੀ 21/06/2024 ਨੂੰ ਮਨਾਇਆ ਜਾ ਰਿਹਾ ਹੈ। ਜਿਸ ਵਿੱਚ 100 ਵਿਦਿਆਰਥੀ ਭਾਗ ਲੈਣਗੇ। ਉਪਰੋਕਤ ਸੰਬਧੀ ਹੇਠ ਲਿਖੇ ਪ੍ਰੋਫੈਸਰ ਸਾਹਿਬਾਨ ਦੀ ਡਿਊਟੀ ਲਗਾਈ ਜਾਂਦੀ ਹੈ:-

1. ਪ੍ਰੋ. ਸਰਤਾਜ ਸਿੰਘ (ਕੋਆਰਡੀਨੇਟਰ)
2. ਪ੍ਰੋ. ਮਨਪ੍ਰੀਤ ਕੌਰ (ਪੀ.ਓ)
3. ਡਾ. ਸੁਖਬੀਰ ਕੌਰ
4. ਪ੍ਰੋ. ਹਰਦੀਪ ਸਿੰਘ
5. ਪ੍ਰੋ. ਲਵਪ੍ਰੀਤ ਸਿੰਘ
6. ਪ੍ਰੋ. ਵੀਰੋ

(ਡਾ. ਬਲਵੰਤ ਸਿੰਘ ਸੰਧੂ)
Principal
S.G.A.D. COLLEGE
Khadur Sahib (Tarn Taran)